# ਨਗਰ ਨਿਗਮ ਅੰਮ੍ਰਿਤਸਰ

# ਬਜਟ ਸਾਲ
# 2013–14

# ਨਗਰ ਨਿਗਮ ਅੰਮ੍ਰਿਤਸਰ

ਪ੍ਰੈਸੀ:
ਵਿਸ਼ਾ:- **ਨਗਰ ਨਿਗਮ ਅੰਮ੍ਰਿਤਸਰ ਦਾ ਅਨੁਮਾਨਤ ਬਜਟ ਸਾਲ 2013-14**

ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ) ਦਾ ਨੋਟ ਮਿਤੀ 13-3-2013 ਜਿਸ ਨੂੰ ਵਧੀਕ ਕਮਿਸ਼ਨਰ (ਟੀ) ਨਗਰ ਨਿਗਮ ਅੰਮ੍ਰਿਤਸਰ ਵਲੋ ਪਿੱਠ ਅੰਕਿਤ ਕੀਤਾ ਹੈ, ਜੋ ਕਿ ਹੇਠ ਲਿੱਖੇ ਅਨੁਸਾਰ ਹੈ:

ਇਸ ਦਫਤਰ ਦੇ ਪੱਤਰ ਨੰ:ਡੀ.ਸੀ.ਐਫ.ਏ/430 ਮਿਤੀ 16-11-12 ਅਤੇ ਯਾਦ ਪੱਤਰ ਨੰ:ਡੀ.ਸੀ. ਐਫ.ਏ/447 ਮਿਤੀ 29-11-12, ਨੰ: ਡੀ.ਸੀ.ਐਫ.ਏ/475 ਮਿਤੀ 17-12-12, ਨੰ: ਡੀ.ਸੀ.ਐਫ.ਏ/523 ਮਿਤੀ 13-1-2013, ਰਾਹੀਂ ਸਾਲ 2013-14 ਦਾ ਅਨੁਮਾਨਤ ਬਜਟ ਬਣਾਉਣ ਲਈ ਵੱਖ-ਵੱਖ ਵਿਭਾਗਾਂ ਪਾਸੋਂ ਵੇਰਵੇ ਮੰਗੇ ਗਏ ਸੀ, ਵੇਰਵੇ ਪ੍ਰਾਪਤ ਹੋਣ ਤੋਂ ਬਾਅਦ ਇਸ ਬਜਟ ਵਿਚ ਸਾਲ 2012-13 ਦਾ ਰੀਵਾਈਜ਼ਡ ਅਤੇ ਅਨੁਮਾਨਤ ਬਜਟ ਸਾਲ 2013-14 ਦਾ ਬਣਾਇਆ ਗਿਆ ਹੈ। ਸਰਕਾਰ ਨੇ ਆਪਣੇ ਪੱਤਰ ਪੱਤਰ ਨੰ: ਸਸ3-ਓਕਵਲ-ਡਸਸ 454/2012/910-63 ਮਿਤੀ 4-1-13 ਰਾਹੀਂ ਸਾਲ 2013-14 ਦਾ ਬਜਟ ਨਿਰਧਾਰਿਤ ਪ੍ਰੋਫਾਰਮਿਆਂ/ਟੇਬਲਾਂ ਵਿੱਚ ਬਨਾਉਣ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ। ਇੰਨ੍ਹਾਂ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਮਲਾਂ, ਅਚਨਚੇਤ ਅਤੇ ਵਿਕਾਸ ਦੇ ਕੰਮਾਂ ਲਈ ਬਜਟ ਵਿਚੋਂ ਆਮਦਨ ਦਾ ਕ੍ਰਮਵਾਰ 20%, 5%, 75%, ਖਰਚ ਕਰਨ ਦਾ ਉਪਬੰਧ ਕਰਨ ਲਈ ਕਿਹਾ ਗਿਆ ਹੈ । ਨਗਰ ਨਿਗਮ, ਅੰਮ੍ਰਿਤਸਰ ਦਾ ਜੋ ਸਾਲ 2013-14 ਦਾ ਬਜਟ ਬਣਾਇਆ ਗਿਆ ਹੈ ਉਸ ਅਨੁਸਾਰ ਅਮਲੇ ਤੇ 60%, ਅਚਨਚੇਤ ਤੇ 4%, ਅਤੇ ਵਿਕਾਸ ਦੇ ਕੰਮਾਂ ਵਿਚ 36%, ਅਨੁਮਾਨਿਤ ਬਜਟ ਸਾਲ 2013-14 ਦਾ ਖਰਚਾ ਹੋਵੇਗਾ।

ਨਗਰ ਨਿਗਮ, ਅੰਮ੍ਰਿਤਸਰ ਦਾ ਬਜਟ ਵੱਖ-ਵੱਖ ਹੈਡਾਂ ਵਿਚ ਨੱਥੀ ਅਨੁਲਗਾਂ ਵਿਚ ਦਰਸਾਇਆ ਗਿਆ ਹੈ । ਸਾਲ 2013-14 ਵਿਚ ਜੋ ਵੀ ਉਪਬੰਧ ਕੀਤਾ ਜਾ ਰਿਹਾ ਹੈ, ਦੇ ਸਬੰਧ ਵਿਚ ਆਸ ਕੀਤੀ ਜਾਂਦੀ ਹੈ ਕਿ ਇਹ ਉਪਬੰਧ ਅਗਲੇ ਸਾਲ ਵਿਚ ਪੂਰਾ ਕੀਤਾ ਜਾਵੇਗਾ। ਨਗਰ ਨਿਗਮ, ਅੰਮ੍ਰਿਤਸਰ ਵੱਲੋਂ ਸੋਧਿਆਂ ਹੋਇਆ ਬਜਟ ਸਾਲ 2012-13 ਅਤੇ ਅਨੁਮਾਨਿਤ ਬਜਟ 2013-14 ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਨਗਰ ਨਿਗਮ ਅੰਮ੍ਰਿਤਸਰ ਦੇ ਕੰਬਾਇੰਡ, ਜਨਰਲ ਸਾਈਡ ਅਤੇ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦਾ ਬਜਟ ਕ੍ਰਮਵਾਰ ਅਨੁਲਗ 1,2 ਅਤੇ 3 ਵਿੱਚ ਦਰਸਾਇਆ ਗਿਆ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :-

ਸਰਕਾਰ ਵਲੋਂ ਸਾਲ 2012-13 ਦਾ ਬਜਟ ਪਾਸ ਕਰਨ ਸਮੇਂ ਕੁਲ 22665.00 ਲੱਖ ਰੁਪਏ ਆਮਦਨ ਦਾ ਬਜਟ ਟੀਚਾ ਮੰਜੂਰ ਕੀਤਾ ਗਿਆ ਸੀ ਜਿਸ ਵਿਚ 20165.00 ਲੱਖ ਰੁਪਏ ਜਨਰਲ ਸਾਈਡ ਦੀ ਆਮਦਨ 800.00 ਲੱਖ ਰੁਪਏ ਕਰਜੇ ਸਮੇਤ ਅਤੇ 2500.00 ਲੱਖ ਰੁਪਏ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀ ਆਮਦਨ ਜਿਸ ਵਿਚ 500.00 ਲੱਖ ਰੁਪਏ ਬੈਂਕ/ਵਿੱਤੀ ਸੰਸਥਾ ਪਾਸੋਂ ਕਰਜਾ ਲਿਆ ਜਾਣਾ ਸ਼ਾਮਲ ਸੀ। ਇਸ ਆਮਦਨ ਵਿਰੁੱਧ ਸਰਕਾਰ ਵਲੋਂ ਸਾਲ 2012-13 ਲਈ 22665.00 ਲੱਖ ਰੁਪਏ ਦਾ ਕੁੱਲ ਖਰਚਾ ਨਗਰ ਨਿਗਮ ਦਾ ਪ੍ਰਵਾਨ ਕੀਤਾ ਗਿਆ ਸੀ ਜਿਸ ਵਿਚੋਂ 13886.00 ਲੱਖ ਰੁਪਏ ਅਮਲੇ ਲਈ, 775.00 ਲੱਖ ਰੁਪਏ ਕੰਟੀਜੈਂਸੀ ਲਈ ਅਤੇ 8004.00 ਲੱਖ ਰੁਪਏ ਵਿਕਾਸ ਦੇ ਕੰਮਾਂ ਲਈ ਸੀ । ਨਗਰ ਨਿਗਮ, ਅੰਮ੍ਰਿਤਸਰ ਦਾ ਸਾਲ 2013-14 ਦਾ ਅਨੁਮਾਨਤ ਬਜਟ ਜੋ ਕੁੱਲ 30045.00 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ, ਇਸ ਵਿਚ ਸਰਕਾਰ ਵਲੋਂ ਜੋ ਪ੍ਰਾਪਰਟੀ ਟੈਕਸ ਲਗਾਇਆ ਗਿਆ ਹੈ ਦੀ ਵਧੀ ਹੋਈ ਆਮਦਨ ਵੀ ਸ਼ਾਮਿਲ ਹੈ ਇਸ ਤੋਂ ਇਲਾਵਾ ਜੇਕਰ ਸਰਕਾਰ ਵਲੋਂ ਕਿਸੇ ਵੀ ਟੈਕਸ/ਫੀਸ ਆਦਿ ਦਾ ਵਾਧਾ ਕੀਤਾ ਜਾਵੇਗਾ ਤਾਂ ਉਸ ਅਨੁਸਾਰ ਨਗਰ ਨਿਗਮ ਦੀ ਆਮਦਨ ਵਿੱਚ ਵਾਧਾ ਵੱਖਰਾ ਹੋਵੇਗਾ ।

ਚਲਦਾ ਸਫ਼ਾ...2

## ਜਨਰਲ ਸਾਈਡ ਦੀ ਆਮਦਨ

ਸਰਕਾਰ ਵੱਲੋਂ ਜਨਰਲ ਸਾਈਡ ਦੀ ਆਮਦਨ ਸਾਲ 2012-13 ਲਈ 20165.00 ਲੱਖ ਰੁਪਏ 800.00 ਲੱਖ ਰੁਪਏ ਕਰਜੇ ਸਮੇਤ ਮੰਜੂਰ ਕੀਤੀ ਗਈ ਸੀ । ਮਿਤੀ 1-4-12 ਨੂੰ ਜਨਰਲ ਸਾਈਡ ਦਾ ਮੁੱਢਲਾ ਬਕਾਇਆ 1526.35 ਲੱਖ ਰੁਪਏ ਸੀ। ਮਿਤੀ 1-4-2012 ਤੋਂ 31-1-2013 ਤਕ ਜਨਰਲ ਸਾਈਡ ਦੀ ਆਮਦਨ 12692.93 ਲੱਖ ਰੁਪਏ ਪ੍ਰਾਪਤ ਹੋਈ ਹੈ, ਸਾਲ 2012-13 ਦੀ ਆਮਦਨ 16648.00 ਲੱਖ ਰੁਪਏ ਪ੍ਰਾਪਤ ਹੋਣ ਦੀ ਆਸ ਹੈ । ਸਾਲ 2013-14 ਲਈ ਆਮਦਨ ਦਾ ਟੀਚਾ 28045.00 ਲੱਖ ਰੁਪਏ ਮਿਥਿਆ ਗਿਆ ਹੈ ਇਸ ਦਾ ਵੇਰਵਾ ਅਨੁਲਗ-4 ਵਿਚ ਦਰਸਾਇਆ ਗਿਆ ਹੈ। ਇਥੇ ਇਹ ਦਸਣਾ ਉਚਿਤ ਹੈ ਕਿ ਸਥਾਨਕ ਸਰਕਾਰ ਵਲੋ ਨਗਰ ਨਿਗਮ ਦੀ ਹਦੂਦ ਅੰਦਰ ਆਓਂਦੀਆਂ ਪ੍ਰਾਪਰਟੀਆਂ ਦੇ ਪ੍ਰਾਪਰਟੀ ਟੈਕਸ ਲਗਾਉਣ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤੀ ਹੈ । ਇਸ ਨੋਟੀਫਿਕੇਸ਼ਨ ਅਨੁਸਾਰ ਨਗਰ ਨਿਗਮ ਨੂੰ 6000 ਲੱਖ ਰੁਪਏ ਆਮਦਨ ਆਉਣ ਦੀ ਆਸ ਹੈ ।

## ਖਰਚਾ

### ਅਮਲਾ ਖਰਚਾ

ਸਾਲ 2012-13 ਵਿਚ ਇਸ ਮੱਦ ਅਧੀਨ ਸਰਕਾਰ ਦੁਆਰਾ 11578.00 ਲੱਖ ਰੁਪਏ ਮੰਨਜੂਰ ਕੀਤੇ ਗਏ ਸਨ ਪਰ ਇਸ ਵਿਚੋਂ 31-1-13 ਤੱਕ 8611.25 ਲੱਖ ਰੁਪਏ ਦਾ ਖਰਚਾ ਹੋ ਚੁੱਕਾ ਹੈ। ਪਿਛਲੇ ਮਹੀਨਿਆਂ ਦੇ ਖਰਚਿਆਂ ਨੂੰ ਮੱਧੇ ਨਜ਼ਰ ਰਖਦੇ ਹੋਏ ਹੁੰਣ ਸਾਲ 2012-13 ਦਾ ਸੋਧਿਆ ਖਰਚਾ 10340.00 ਲੱਖ ਰੁਪਏ ਤਜਵੀਜ ਕੀਤਾ ਗਿਆ ਹੈ। ਸਾਲ 2012-13 ਵਿਚ ਜੋ ਸਰਕਾਰ ਵੱਲੋਂ ਬਜਟ ਪਾਸ ਕੀਤਾ ਗਿਆ ਸੀ ਉਸ ਵਿਚ ਖਾਲੀ ਆਸਾਮੀਆ ਦਾ ਖਰਚਾ ਘਟਾ ਕੇ ਬਜਟ ਪਾਸ ਕੀਤਾ ਸੀ । ਇਸ ਮੱਦ ਅਧੀਨ ਸਾਲ 2013-14 ਲਈ 14478.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਜੋ ਅਨੁਮਾਨਤ ਬਜਟ ਦਾ 60% ਹੋਵੇਗਾ । ਇਸ ਸਾਲ ਵਿਚ ਵੀ ਖਾਲੀ ਅਸਾਮੀਆਂ ਦਾ ਖਰਚਾ ਘਟਾਉਣ ਉਪਰੰਤ ਹੀ ਬਜਟ ਉਪਬੰਧ ਕੀਤਾ ਗਿਆ ਹੈ ਇਸ ਤੋਂ ਇਲਾਵਾ ਕਰਮਚਾਰੀਆਂ ਦੀ ਗ੍ਰੈਚੂਅਟੀ, ਐਕਸਗਰੇਸ਼ੀਆ, ਬਕਾਇਆ ਛੁੱਟੀਆਂ ਦੇ ਲਾਭ ਆਦਿ ਦਾ ਖਰਚਾ ਵੀ ਇਸ ਵਿਚ ਸ਼ਾਮਲ ਹੈ। ਅਮਲੇ ਖਰਚੇ ਦਾ ਵੇਰਵਾ ਅਨੁਲਗ-5 ਵਿਚ ਦਰਸਾਇਆ ਗਿਆ ਹੈ ।

### ਕੰਟੀਜੈਂਸੀ

ਸਾਲ 2012-13 ਵਿਚ ਇਸ ਮੱਦ ਹੇਠ 765.00 ਲੱਖ ਰੁਪਏ ਦਾ ਬਜ਼ਟ ਉਪਬੰਧ ਮੰਜੂਰ ਕੀਤਾ ਗਿਆ ਸੀ ਅਤੇ ਮਿਤੀ 1-4-12 ਤੋ 31-1-13 ਤੱਕ ਇਸ ਮੱਦ ਅਧੀਨ 789.28 ਲੱਖ ਰੁਪਏ ਖਰਚਾ ਹੋ ਚੁੱਕਾ ਹੈ ਅਤੇ ਖਰਚੇ ਦੀ ਪਿੱਛਲੀ ਰਫਤਾਰ ਨੂੰ ਵੇਖਦੇ ਹੋਏ 962.00 ਲੱਖ ਰੁਪਏ ਸੋਧੇ ਹੋਏ ਬਜਟ ਵਿੱਚ ਖਰਚ ਹੋਣ ਦੀ ਤਜਵੀਜ ਹੈ।ਸਾਲ 2013-14 ਵਿਚ ਇਸ ਮੱਦ ਅਧੀਨ 1105.00 ਲੱਖ ਰੁਪਏ ਖਰਚ ਹੋਣ ਦੀ ਆਸ ਹੈ। ਜਿਸ ਦਾ ਵੇਰਵਾ ਅਨੁਲਗ - 6 A ਵਿਚ ਦਰਸਾਇਆ ਗਿਆ ਹੈ।

ਚਲਦਾ ਸਫਾ....3

## ਵਿਕਾਸ ਦੇ ਖਰਚੇ ਦਾ ਵੇਰਵਾ

ਸਾਲ 2012-13 ਵਿਚ ਇਸ ਮੱਧ ਅਧੀਨ 5184.00 ਲੱਖ ਰੁਪਏ ਦਾ ਬਜਟ ਸਰਕਾਰ ਵੱਲੋਂ ਪ੍ਰਵਾਨ ਕੀਤਾ ਗਿਆ ਸੀ ਮਿਤੀ 1-4-12 ਤੋ 31-1-13 ਤੱਕ ਇਸ ਮੱਦ ਅਧੀਨ ਜਰਨਲ ਸਾਈਡ ਕੁੱਲ ਖਰਚਾ 1507.28 ਲੱਖ ਰੁਪਏ ਹੋ ਚੁੱਕਾ ਹੈ। ਜਿਸ ਵਿਚੋ ਮੁਹੱਲਾ ਸੁਧਾਰ ਕਮੇਟੀਆਂ ਨੂੰ 110.15 ਲੱਖ ਰੁ: ਦੀ ਗਰਾਂਟ ਅਤੇ ਸਟਰੀਟ ਲਾਈਟ ਦੇ ਬਿਜਲੀ ਦੇ ਬਿੱਲ 733.87 ਲੱਖ ਰੁਪਏ ਵੀ ਸ਼ਾਮਿਲ ਹਨ । ਇਸ ਤੋ ਇਲਾਵਾ ਜਨਰਲ ਸਾਈਡ ਵਲੋ 2775.38 ਲੱਖ ਰੁਪਏ ਦਾ ਕੰਟਰੀਬਿਊਸ਼ਨ ਮਿਤੀ 31-1-13 ਤੱਕ ਵਾਟਰ ਸਪਲਾਈ ਤੇ ਸੀਵਰੇਜ਼ ਵਿਭਾਗ ਨੂੰ ਦਿੱਤਾ ਜਾ ਚੁੱਕਾ ਹੈ । ਇੰਝ ਬਾਕੀ ਵਿਕਾਸ ਦੇ ਕੰਮਾਂ ਤੇ ਨਗਰ ਨਿਗਮ ਅੰਮ੍ਰਿਤਸਰ ਵਲੋਂ ਇਸ ਸਮੇਂ ਦੌਰਾਨ 663.26 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ । ਸੋਧੇ ਹੋਏ ਬਜਟ ਅਨੁਸਾਰ ਸਾਲ 2012-13 ਲਈ ਜਨਰਲ ਸਾਈਡ ਦੇ ਵਿਕਾਸ ਦੇ ਕੰਮਾਂ ਲਈ 1073.00 ਲੱਖ ਰੁ: ਬਿਜਲੀ ਦੇ ਬਿਲਾਂ ਦੀ ਅਦਾਇਗੀ ਘਟਾਉਣ ਉਪਰੰਤ ਖਰਚ ਹੋਣ ਦੀ ਆਸ ਹੈ ਸਾਲ 2013-14 ਲਈ ਵਿਕਾਸ ਦੇ ਕੰਮ ਲਈ 7325.00 ਲੱਖ ਰੁ: ਖਰਚ ਕਰਨ ਦਾ ਉਪਬੰਧ ਕੀਤਾ ਗਿਆ ਹੈ, ਜਿਸ ਵਿੱਚ 1000 ਲੱਖ ਰੁਪਏ ਸਟਰੀਟ ਲਾਈਟ ਅਤੇ ਦਫਤਰਾਂ ਆਦਿ ਦੇ ਬਿਜਲੀ ਦੇ ਬਿੱਲਾਂ ਦਾ ਖਰਚਾ ਵੀ ਸ਼ਾਮਲ ਕੀਤਾ ਗਿਆ ਹੈ । ਇਸ ਤੋਂ ਇਲਾਵਾ 5137.00 ਲੱਖ ਰੁਪਏ ਦਾ ਯੋਗਦਾਨ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਨੂੰ ਦਿੱਤਾ ਜਾਵੇਗਾ । ਜ਼ਿਲ੍ਹਾਂ ਯੋਜਨਾ ਅਤੇ ਵਿਕਾਸ ਬੋਰਡ/ਪੰਜਾਬ ਸਰਕਾਰ ਵੱਲੋਂ ਜੋ ਵੀ ਰਾਸ਼ੀ ਵਿਕਾਸ ਦੇ ਕੰਮਾ ਲਈ ਪ੍ਰਵਾਨ ਕੀਤੀ ਜਾਵੇਗੀ ਉਹ ਉਪਰੋਕਤ ਰਕਮ ਤੋ ਇਲਾਵਾ ਵੱਖਰੀ ਤੋਰ ਤੇ ਖਰਚ ਕੀਤੀ ਜਾਵੇਗੀ। ਇਸ ਸਬੰਧ ਵਿਚ ਵੇਰਵਾ ਅਨੁਲਗ-7A ਅਤੇ 7Bਵਿਚ ਦਰਸਾਇਆ ਗਿਆ ਹੈ ।

## ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ

### ਆਮਦਨ

ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੇ ਆਪਣੇ ਬਜਟ ਸਾਲ 2012-13 ਲਈ 2500.00 ਲੱਖ ਰੁਪਏ ਦੀ ਆਮਦਨ ਦੀ ਮੰਜੂਰੀ 500 ਲੱਖ ਰੁ: ਕਰਜੇ ਸਮੇਤ ਸਰਕਾਰ ਵੱਲੋਂ ਦਿੱਤੀ ਗਈ ਸੀ, ਇਸ ਵਿਭਾਗ ਨੂੰ ਮਿਤੀ 1-4-12 ਤੋ 31-1-13 ਤੱਕ 1152.19 ਲੱਖ ਰੁਪਏ ਆਮਦਨ ਪ੍ਰਾਪਤ ਹੋਈ ਹੈ ਅਤੇ ਸਾਲ 2012-13 ਦੌਰਾਨ 1458.00 ਲੱਖ ਰੁਪਏ ਹੋਣ ਦੀ ਆਸ ਹੈ । ਸਰਕਾਰ ਵਲੋ ਸਾਲ 2006-07 ਦੋਰਾਨ ਰਿਹਾਇਸ਼ੀ ਵਾਟਰ ਸਪਲਾਈ ਅਤੇ ਸੀਵਰੇਜ ਕੁਨੈਕਸ਼ਨ ਦੇ ਗਾਹਕਾਂ ਨੂੰ 5 ਮਰਲੇ ਜਮੀਨ ਤੱਕ ਪਾਣੀ ਅਤੇ ਸੀਵਰੇਜ ਦੇ ਬਿੱਲ ਬਕਾਏ ਸਹਿਤ ਮੁਆਫ ਕਰਨ ਦਾ ਫੈਸਲਾ ਲਿਆ ਗਿਆ ਸੀ। ਸਾਲ 2013-14 ਵਿਚ 2000.00 ਲੱਖ ਰੁਪਏ ਦੀ ਆਮਦਨ ਦਾ ਉਪਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ 5137.00 ਲੱਖ ਰੁਪਏ ਦਾ ਕੰਟਰੀਬਿਊਸ਼ਨ ਸਾਲ 2013-14 ਦੌਰਾਨ ਵਾਟਰ ਸਪਲਾਈ ਤੇ ਸੀਵਰੇਜ਼ ਵਿਭਾਗ ਵਲੋ ਨਗਰ ਨਿਗਮ, ਅੰਮ੍ਰਿਤਸਰ ਦੀ ਜਨਰਲ ਸਾਇਡ ਤੋ ਪ੍ਰਾਪਤ ਕਰਨ ਦਾ ਉਪਬੰਧ ਕੀਤਾ ਗਿਆ ਹੈ । ਇਸ ਦਾ ਵੇਰਵਾ ਅਨੁਲਗ 3 ਅਤੇ 12 ਤੇ ਦਰਸਾਇਆ ਗਿਆ ਹੈ ।

ਚਲਦਾ ਸਫਾ-4

## ਖਰਚਾ ਅਮਲਾ

ਇਸ ਵਿਭਾਗ ਦੇ ਅਮਲੇ ਦਾ ਖਰਚਾ ਸਾਲ 2012-13 ਲਈ 2308.00 ਲੱਖ ਰੁਪਏ ਸਰਕਾਰ ਵੱਲੋਂ ਮੰਜੂਰ ਕੀਤਾ ਗਿਆ ਸੀ ਮਿਤੀ 1-4-12 ਤੋ 31-1-13 ਤੱਕ ਇਸ ਮੱਦ ਅਧੀਨ 2010.13 ਲੱਖ ਰੁਪਏ ਖਰਚਾ ਹੋ ਚੁੱਕਾ ਹੈ ਜਦੋਂ ਕਿ ਇਸ ਮੱਦ ਅਧੀਨ 2606.00 ਲੱਖ ਰੁਪਏ ਖਰਚ ਹੋਣ ਦੀ ਆਸ ਹੈ। ਖਰਚ ਵਿਚ ਵਾਧਾ ਹੋਣ ਦਾ ਕਾਰਣ ਸੋਧੇ ਹੋਏ ਰੀਵਾਈਜ਼ਡ ਗ੍ਰੇਡਾਂ ਦਾ ਲਾਗੂ ਹੋਣਾ ਅਤੇ ਇਸ ਦਾ ਬਕਾਇਆ ਦੇਣ ਦਾ ਉਪਬੰਧ, ਡੀਏ ਦੀ ਕਿਸ਼ਤ ਅਤੇ 4-9-14 ਸਾਲਾ ਏ.ਸੀ.ਪੀ ਸਕੀਮ ਦਾ ਬਕਾਇਆ ਆਦਿ ਦੇਣਾ ਹੈ। ਇਸ ਤੋ ਇਲਾਵਾ ਡੀ.ਸੀ. ਰੇਟ ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਰੈਗੂਲਰ ਕਰਨ ਦੇ ਕਾਰਣ ਵਧਿਆ ਹੋਇਆ ਖਰਚਾ ਸ਼ਾਮਿਲ ਹੈ । ਸਾਲ 2013-14 ਲਈ ਇਸ ਮੱਦ ਹੇਠ 3522.00 ਲੱਖ ਰੁਪਏ ਖਰਚ ਹੋਣ ਦੀ ਤਜਵੀਜ ਹੈ ਅਤੇ ਅਮਲੇ ਦੇ ਖਰਚੇ ਵਿਚੋਂ ਖਾਲੀ ਅਸਾਮੀਆਂ ਦਾ ਖਰਚਾ ਘੱਟਾ ਕੇ ਬਜਟ ਬਣਾਇਆ ਗਿਆ ਹੈ। ਇਸ ਦਾ ਵੇਰਵਾ ਅਨੁਲਗ 3 ਅਤੇ 9 ਵਿਚ ਦਰਜ ਹੈ।

## ਅਚਨਚੇਤ ਖਰਚਾ

ਇਸ ਮੱਧ ਹੇਠ ਸਾਲ 2012-13 ਲਈ 10.00 ਲੱਖ ਰੁਪਏ ਖਰਚੇ ਦੀ ਮੰਜੂਰੀ ਸਰਕਾਰ ਵੱਲੋਂ ਮਿਲੀ ਸੀ, ਮਿਤੀ 1-4-12 ਤੋ 31-1-13 ਤੱਕ ਇਸ ਮੱਦ ਅਧੀਨ 4.02 ਲੱਖ ਰੁਪਏ ਖਰਚਾ ਹੋ ਚੁੱਕਾ ਹੈ। ਇਸ ਸਾਲ ਦੋਰਾਨ 8.00 ਲੱਖ ਰੁ: ਖਰਚ ਹੋਣ ਦੀ ਆਸ ਹੈ । ਸਾਲ 2013-14 ਲਈ 15.00 ਲੱਖ ਰੁਪਏ ਦਾ ਖਰਚਾ ਇਸ ਹੈਡ ਵਿਚ ਕਰਨ ਦਾ ਉਪਬੰਧ ਕੀਤਾ ਗਿਆ ਹੈ। ਇਸ ਦਾ ਵੇਰਵਾ ਅਨੁਲਗ 3 ਅਤੇ 12 ਵਿਚ ਦਰਜ ਹੈ ।

## ਵਿਕਾਸ ਦੇ ਕੰਮਾਂ ਤੇ ਖਰਚਾ

ਸਾਲ 2012-13 ਲਈ ਇਸ ਮੱਦ ਹੇਠ 2820.00 ਲੱਖ ਰੁਪਏ ਦਾ ਖਰਚਾ (1720.00 ਲੱਖ ਰੁ: ਟਿਊਬਵੈਲਾਂ ਦੇ ਬਿਜਲੀ ਦੇ ਬਿਲਾਂ ਦੀ ਅਦਾਇਗੀ ਸਮੇਤ) ਕਰਨ ਦੀ ਪ੍ਰਵਾਨਗੀ ਸਰਕਾਰ ਵੱਲੋਂ ਦਿੱਤੀ ਗਈ ਸੀ । ਮਿਤੀ 1-4-12 ਤੋ 31-1-13 ਤੱਕ ਇਸ ਮੱਦ ਅਧੀਨ 1912.00 ਲੱਖ ਰੁਪਏ ਖਰਚਾ ਹੋ ਚੁੱਕਾ ਹੈ ਅਤੇ ਇਹ ਖਰਚਾ 2350.00 ਲੱਖ ਰੁਪਏ ਸਾਲ 2012-13 ਵਿਚ ਹੋਣ ਦੀ ਆਸ ਹੈ । ਅਗਲੇ ਸਾਲ 2013-14 ਵਿਚ ਇਸ ਮੱਦ ਹੇਠ 3600.00 ਲੱਖ ਰੁਪਏ ਖਰਚੇ ਦਾ ਉਪਬੰਧ ਕੀਤਾ ਗਿਆ ਹੈ। ਇਸ ਵਿਚ JNNURM(ਜਵਾਹਰ ਲਾਲ ਨਹਿਰੂ ਨੈਸ਼ਨਲ ਅਰਬਨ ਰਿਨਿਊਅਲ ਮਿਸ਼ਨ)/JBIC(ਜਪਾਨ ਬੈਕਿੰਗ ਇੰਨਵੈਸਟਮੈਂਟ ਕਾਰਪੋਰੇਸ਼ਨ) ਪ੍ਰੋਜੈਕਟ ਅਧੀਨ ਨਗਰ ਨਿਗਮ ਦਾ ਦੇਣ ਯੋਗ ਹਿਸਾ 500-00 ਲੱਖ ਰੁਪਏ ਵੀ ਸ਼ਾਮਲ ਹਨ, ਜਿਸ ਦਾ ਵੇਰਵਾ ਅਨੁਲਗ 3, 11 ਅਤੇ 12 ਵਿਚ ਦਰਸਾਇਆ ਗਿਆ ਹੈ। ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀ ਆਮਦਨ 2000.00 ਲੱਖ ਰੁਪਏ

ਚਲਦਾ ਸਫਾ -5

ਸਾਲ 2013-14 ਵਿੱਚ ਹੋਣ ਦੀ ਆਸ ਹੈ ਜਦੋ ਕਿ ਇਸ ਵਿਭਾਗ ਦਾ ਕੁੱਲ ਖਰਚਾ 7137.00 ਲੱਖ ਰੁਪਏ ਹੋਵੇਗਾ ਅਤੇ ਘਾਟਾ ਪੂਰਾ ਕਰਨ ਲਈ ਜਨਰਲ ਸਾਈਡ ਤੋਂ ਬਤੌਰ ਯੋਗਦਾਨ 5137.00 ਲੱਖ ਰੁਪਏ ਲੈਣ ਦੀ ਤਜਵੀਜ ਹੈ ਇਸ ਦਾ ਵੇਰਵਾ ਅਨੁਲਗ-12 ਵਿਚ ਦਰਸਾਇਆ ਗਿਆ ਹੈ। ਵਿਕਾਸ ਦੇ ਬਜਟ ਉਪਬੰਧ ਵਿਚ 400.00 ਲੱਖ ਰੁਪਏ ਵਾਟਰ ਸਪਲਾਈ ਅਤੇ ਸੀਵਰੇਜ ਦੇ ਕੰਮਾਂ ਦੇ ਰੱਖ ਰੱਖਾਵ ਲਈ ਰੱਖਿਆ ਗਿਆ ਹੈ। ਇਸ ਤੋਂ ਇਲਾਵਾ 1300.00 ਲੱਖ ਰੁਪਏ ਵਿਕਾਸ ਦੇ ਓਰੀਜਨਲ ਕੰਮ ਕਰਵਾਉਣ ਲਈ ਅਤੇ JNNURM/JBIC ਪ੍ਰੋਜੈਕਟਾਂ ਅਧੀਨ ਨਗਰ ਨਿਗਮ ਦਾ ਹਿੱਸਾ ਦੇਣ ਦਾ ਉਪਬੰਧ ਬਜਟ ਵਿੱਚ ਕੀਤਾ ਗਿਆ ਹੈ। ਨਗਰ ਨਿਗਮ ਅੰਮ੍ਰਿਤਸਰ ਵਲੋਂ ਨਗਰ ਸੁਧਾਰ ਟਰਸਟ ਅੰਮ੍ਰਿਤਸਰ ਪਾਸੋ ਲਏ ਹੋਏ ਕਰਜਿਆਂ ਦੇ ਮੂਲ ਅਤੇ ਵਿਆਜ ਦੀ ਵਾਪਸੀ ਦਾ ਕੋਈ ਬਜਟ ਉਪਬੰਧ ਨਹੀ ਕੀਤਾ ਗਿਆ ਹੈ ।

ਉਪਰੋਕਤ ਅਨੁਸਾਰ ਜੇਕਰ ਆਪ ਜੀ ਸਹਿਮਤ ਹੋਵੋ ਤਾਂ ਰੀਵਾਈਜਡ ਬਜਟ ਸਾਲ 2012-13 ਅਤੇ ਅਨੁਮਾਨ ਬਜਟ ਸਾਲ 2013-14 ਦੀ ਤਜਵੀਜ ਨਗਰ ਨਿਗਮ ਹਾਉਸ ਵਿਚ ਰੱਖਣ ਲਈ ਕੇਸ ਫਾਈਲ ਕਮਿਸ਼ਨਰ ਸਾਹਿਬ/ ਮੇਅਰ ਸਾਹਿਬ ਜੀ ਨੂੰ ਭੇਜੀ ਜਾਵੇ ਤਾਂ ਜੋ ਹਾਉਸ ਦੇ ਫੈਸਲੇ ਉਪਰੰਤ ਨਗਰ ਨਿਗਮ ਦਾ ਸਾਲ 2012-13 ਦਾ ਸੋਧਿਆ ਹੋਇਆ ਬਜਟ ਅਤੇ ਸਾਲ 2013-14 ਦਾ ਅਨੁਮਾਨਤ ਬਜਟ ਮਿਉਸਪਲ ਕਾਰਪੋਰੇਸ਼ਨ ਐਕਟ 1976 ਦੀ ਕ੍ਰਮਵਾਰ ਧਾਰਾ 87(1) ਅਤੇ 86(2) ਅਧੀਨ ਸਥਾਨਕ ਸਰਕਾਰ ਨੂੰ ਪ੍ਰਵਾਨਗੀ ਹਿਤ ਭੇਜਿਆ ਜਾ ਸਕੇ ਜੀ ।

ਇਸ ਕੇਸ ਨੂੰ ਮਾਨਯੋਗ ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 14-3-2013 ਅਤੇ ਮਾਨਯੋਗ ਮੇਅਰ ਸਾਹਿਬ ਜੀ ਨੇ ਆਪਣੇ ਹੁਕਮ ਮਿਤੀ 14-3-2013 ਰਾਹੀ ਹਾਉਸ ਵਿਚ ਰੱਖਣ ਦੀ ਪ੍ਰਵਾਨਗੀ ਦਿਤੀ ਹੈ ।

ਉਪਰੋਕਤ ਕੇਸ ਨਗਰ ਨਿਗਮ ਹਾਉਸ ਦੇ ਵਿਚਾਰਨ/ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਸਹੀ/-

ਵਧੀਕ ਕਮਿਸ਼ਨਰ (ਟੀ)

ਡਿਪਟੀ ਕੰਟਰੋਲਰ ਵਿੱਤ ਅਤੇ ਲੇਖਾ,
ਨਗਰ ਨਿਗਮ, ਅੰਮ੍ਰਿਤਸਰ ।

ਵਿਸ਼ਾ:- **<u>ਨਗਰ ਨਿਗਮ ਅੰਮ੍ਰਿਤਸਰ ਦਾ ਅਨੁਮਾਨਤ ਬਜਟ ਸਾਲ 2013-14</u>**

ਇਸ ਦਫਤਰ ਦੇ ਪੱਤਰ ਨੰ:ਡੀ.ਸੀ.ਐਫ.ਏ/430 ਮਿਤੀ 16-11-12 ਅਤੇ ਯਾਦ ਪੱਤਰ ਨੰ:ਡੀ.ਸੀ. ਐਫ.ਏ/447 ਮਿਤੀ 29-11-12, ਨੰ: ਡੀ.ਸੀ.ਐਫ.ਏ/475 ਮਿਤੀ 17-12-12, ਨੰ: ਡੀ.ਸੀ.ਐਫ.ਏ/523 ਮਿਤੀ 13-1-2013, ਰਾਹੀਂ ਸਾਲ 2013-14 ਦਾ ਅਨੁਮਾਨਤ ਬਜਟ ਬਣਾਉਣ ਲਈ ਵੱਖ-ਵੱਖ ਵਿਭਾਗਾਂ ਪਾਸੋਂ ਵੇਰਵੇ ਮੰਗੇ ਗਏ ਸੀ, ਵੇਰਵੇ ਪ੍ਰਾਪਤ ਹੋਣ ਤੋਂ ਬਾਅਦ ਇਸ ਬਜਟ ਵਿਚ ਸਾਲ 2012-13 ਦਾ ਰੀਵਾਈਜ਼ਡ ਅਤੇ ਅਨੁਮਾਨਤ ਬਜਟ ਸਾਲ 2013-14 ਦਾ ਬਣਾਇਆ ਗਿਆ ਹੈ। ਸਰਕਾਰ ਨੇ ਆਪਣੇ ਪੱਤਰ ਪੱਤਰ ਨੰ: ਸਸ3-ਓਕਵਲ-ਡਸਸ 454/2012/910-63 ਮਿਤੀ 4-1-13 ਰਾਹੀਂ ਸਾਲ 2013-14 ਦਾ ਬਜਟ ਨਿਰਧਾਰਿਤ ਪ੍ਰੋਫਾਰਮਿਆਂ/ਟੇਬਲਾਂ ਵਿੱਚ ਬਨਾਉਣ ਸਬੰਧੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਸਨ। ਇੰਨ੍ਹਾਂ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਮਲਾਂ, ਅਚਨਚੇਤ ਅਤੇ ਵਿਕਾਸ ਦੇ ਕੰਮਾਂ ਲਈ ਬਜਟ ਵਿਚੋਂ ਆਮਦਨ ਦਾ ਕ੍ਰਮਵਾਰ 20%, 5%, 75%, ਖਰਚ ਕਰਨ ਦਾ ਉਪਬੰਧ ਕਰਨ ਲਈ ਕਿਹਾ ਗਿਆ ਹੈ । ਨਗਰ ਨਿਗਮ, ਅੰਮ੍ਰਿਤਸਰ ਦਾ ਜੋ ਸਾਲ 2013-14 ਦਾ ਬਜਟ ਬਣਾਇਆ ਗਿਆ ਹੈ ਉਸ ਅਨੁਸਾਰ ਅਮਲੇ ਤੇ 60%, ਅਚਨਚੇਤ ਤੇ 4%, ਅਤੇ ਵਿਕਾਸ ਦੇ ਕੰਮਾਂ ਵਿਚ 36%, ਅਨੁਮਾਨਿਤ ਬਜਟ ਸਾਲ 2013-14 ਦਾ ਖਰਚਾ ਹੋਵੇਗਾ।

ਨਗਰ ਨਿਗਮ, ਅੰਮ੍ਰਿਤਸਰ ਦਾ ਬਜਟ ਵੱਖ-ਵੱਖ ਹੈਡਾਂ ਵਿਚ ਨੱਥੀ ਅਨੁਲਗਾਂ ਵਿਚ ਦਰਸਾਇਆ ਗਿਆ ਹੈ । ਸਾਲ 2013-14 ਵਿਚ ਜੋ ਵੀ ਉਪਬੰਧ ਕੀਤਾ ਜਾ ਰਿਹਾ ਹੈ, ਦੇ ਸਬੰਧ ਵਿਚ ਆਸ ਕੀਤੀ ਜਾਂਦੀ ਹੈ ਕਿ ਇਹ ਉਪਬੰਧ ਅਗਲੇ ਸਾਲ ਵਿਚ ਪੂਰਾ ਕੀਤਾ ਜਾਵੇਗਾ। ਨਗਰ ਨਿਗਮ, ਅੰਮ੍ਰਿਤਸਰ ਵੱਲੋਂ ਸੋਧਿਆਂ ਹੋਇਆ ਬਜਟ ਸਾਲ 2012-13 ਅਤੇ ਅਨੁਮਾਨਿਤ ਬਜਟ 2013-14 ਇਸ ਤਰ੍ਹਾਂ ਬਣਾਇਆ ਗਿਆ ਹੈ ਕਿ ਨਗਰ ਨਿਗਮ ਅੰਮ੍ਰਿਤਸਰ ਦੇ ਕੰਬਾਇੰਡ, ਜਨਰਲ ਸਾਈਡ ਅਤੇ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦਾ ਬਜਟ ਕ੍ਰਮਵਾਰ ਅਨੁਲਗ 1,2 ਅਤੇ 3 ਵਿੱਚ ਦਰਸਾਇਆ ਗਿਆ ਹੈ ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :-

ਸਰਕਾਰ ਵਲੋਂ ਸਾਲ 2012-13 ਦਾ ਬਜਟ ਪਾਸ ਕਰਨ ਸਮੇਂ ਕੁਲ 22665.00 ਲੱਖ ਰੁਪਏ ਆਮਦਨ ਦਾ ਬਜਟ ਟੀਚਾ ਮੰਜੂਰ ਕੀਤਾ ਗਿਆ ਸੀ ਜਿਸ ਵਿਚ 20165.00 ਲੱਖ ਰੁਪਏ ਜਨਰਲ ਸਾਈਡ ਦੀ ਆਮਦਨ 800.00 ਲੱਖ ਰੁਪਏ ਕਰਜੇ ਸਮੇਤ ਅਤੇ 2500.00 ਲੱਖ ਰੁਪਏ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀ ਆਮਦਨ ਜਿਸ ਵਿਚ 500.00 ਲੱਖ ਰੁਪਏ ਬੈਂਕ/ਵਿੱਤੀ ਸੰਸਥਾ ਪਾਸੋਂ ਕਰਜਾ ਲਿਆ ਜਾਣਾ ਸ਼ਾਮਲ ਸੀ। ਇਸ ਆਮਦਨ ਵਿਰੁੱਧ ਸਰਕਾਰ ਵਲੋਂ ਸਾਲ 2012-13 ਲਈ 22665.00 ਲੱਖ ਰੁਪਏ ਦਾ ਕੁੱਲ ਖਰਚਾ ਨਗਰ ਨਿਗਮ ਦਾ ਪ੍ਰਵਾਨ ਕੀਤਾ ਗਿਆ ਸੀ ਜਿਸ ਵਿਚੋਂ 13886.00 ਲੱਖ ਰੁਪਏ ਅਮਲੇ ਲਈ, 775.00 ਲੱਖ ਰੁਪਏ ਕੰਟੀਜੈਂਸੀ ਲਈ ਅਤੇ 8004.00 ਲੱਖ ਰੁਪਏ ਵਿਕਾਸ ਦੇ ਕੰਮਾਂ ਲਈ ਸੀ । ਨਗਰ ਨਿਗਮ, ਅੰਮ੍ਰਿਤਸਰ ਦਾ ਸਾਲ 2013-14 ਦਾ ਅਨੁਮਾਨਤ ਬਜਟ ਜੋ ਕੁੱਲ 30045.00 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ, ਇਸ ਵਿਚ ਸਰਕਾਰ ਵਲੰ ਜੋ ਪ੍ਰਾਪਰਟੀ ਟੈਕਸ ਲਗਾਇਆ ਗਿਆ ਹੈ ਦੀ ਵਧੀ ਹੋਈ ਆਮਦਨ ਵੀ ਸ਼ਾਮਿਲ ਹੈ ਇਸ ਤੋਂ ਇਲਾਵਾ ਜੇਕਰ ਸਰਕਾਰ ਵਲੋਂ ਕਿਸੇ ਵੀ ਟੈਕਸ/ਫੀਸ ਆਦਿ ਦਾ ਵਾਧਾ ਕੀਤਾ ਜਾਵੇਗਾ ਤਾਂ ਉਸ ਅਨੁਸਾਰ ਨਗਰ ਨਿਗਮ ਦੀ ਆਮਦਨ ਵਿੱਚ ਵਾਧਾ ਵੱਖਰਾ ਹੋਵੇਗਾ ।

ਚਲਦਾ ਸਫ਼ਾ...2

## ਜਨਰਲ ਸਾਈਡ ਦੀ ਆਮਦਨ

ਸਰਕਾਰ ਵੱਲੋਂ ਜਨਰਲ ਸਾਈਡ ਦੀ ਆਮਦਨ ਸਾਲ 2012-13 ਲਈ 20165.00 ਲੱਖ ਰੁਪਏ 800.00 ਲੱਖ ਰੁਪਏ ਕਰਜੇ ਸਮੇਤ ਮੰਜੂਰ ਕੀਤੀ ਗਈ ਸੀ । ਮਿਤੀ 1-4-12 ਨੂੰ ਜਨਰਲ ਸਾਈਡ ਦਾ ਮੁੱਢਲਾ ਬਕਾਇਆ 1526.35 ਲੱਖ ਰੁਪਏ ਸੀ। ਮਿਤੀ 1-4-2012 ਤੋਂ 31-1-2013 ਤਕ ਜਨਰਲ ਸਾਈਡ ਦੀ ਆਮਦਨ 12692.93 ਲੱਖ ਰੁਪਏ ਪ੍ਰਾਪਤ ਹੋਈ ਹੈ, ਸਾਲ 2012-13 ਦੀ ਆਮਦਨ 16648.00 ਲੱਖ ਰੁਪਏ ਪ੍ਰਾਪਤ ਹੋਣ ਦੀ ਆਸ ਹੈ । ਸਾਲ 2013-14 ਲਈ ਆਮਦਨ ਦਾ ਟੀਚਾ 28045.00 ਲੱਖ ਰੁਪਏ ਮਿਥਿਆ ਗਿਆ ਹੈ ਇਸ ਦਾ ਵੇਰਵਾ ਅਨੁਲਗ-4 ਵਿਚ ਦਰਸਾਇਆ ਗਿਆ ਹੈ। ਇਥੇ ਇਹ ਦਸਣਾ ਉਚਿਤ ਹੈ ਕਿ ਸਥਾਨਕ ਸਰਕਾਰ ਵਲੋ ਨਗਰ ਨਿਗਮ ਦੀ ਹਦੂਦ ਅੰਦਰ ਆਓਂਦੀਆਂ ਪ੍ਰਾਪਰਟੀਆਂ ਦੇ ਪ੍ਰਾਪਰਟੀ ਟੈਕਸ ਲਗਾਉਣ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤੀ ਹੈ । ਇਸ ਨੋਟੀਫਿਕੇਸ਼ਨ ਅਨੁਸਾਰ ਨਗਰ ਨਿਗਮ ਨੂੰ 6000 ਲੱਖ ਰੁਪਏ ਆਮਦਨ ਆਉਣ ਦੀ ਆਸ ਹੈ ।

## ਖਰਚਾ

## ਅਮਲਾ ਖਰਚਾ

ਸਾਲ 2012-13 ਵਿਚ ਇਸ ਮੱਦ ਅਧੀਨ ਸਰਕਾਰ ਦੁਆਰਾ 11578.00 ਲੱਖ ਰੁਪਏ ਮੰਨਜੂਰ ਕੀਤੇ ਗਏ ਸਨ ਪਰ ਇਸ ਵਿਚੋਂ 31-1-13 ਤੱਕ 8611.25 ਲੱਖ ਰੁਪਏ ਦਾ ਖਰਚਾ ਹੋ ਚੁੱਕਾ ਹੈ। ਪਿਛਲੇ ਮਹੀਨਿਆਂ ਦੇ ਖਰਚਿਆਂ ਨੂੰ ਮੱਧੇ ਨਜ਼ਰ ਰਖਦੇ ਹੋਏ ਹੁੱਣ ਸਾਲ 2012-13 ਦਾ ਸੋਧਿਆ ਖਰਚਾ 10340.00 ਲੱਖ ਰੁਪਏ ਤਜਵੀਜ ਕੀਤਾ ਗਿਆ ਹੈ। ਸਾਲ 2012-13 ਵਿਚ ਜੋ ਸਰਕਾਰ ਵੱਲੋਂ ਬਜਟ ਪਾਸ ਕੀਤਾ ਗਿਆ ਸੀ ਉਸ ਵਿਚ ਖਾਲੀ ਆਸਾਮੀਆ ਦਾ ਖਰਚਾ ਘਟਾ ਕੇ ਬਜਟ ਪਾਸ ਕੀਤਾ ਸੀ । ਇਸ ਮੱਦ ਅਧੀਨ ਸਾਲ 2013-14 ਲਈ 14478.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ ਜੋ ਅਨੁਮਾਨਤ ਬਜਟ ਦਾ 60% ਹੋਵੇਗਾ । ਇਸ ਸਾਲ ਵਿਚ ਵੀ ਖਾਲੀ ਅਸਾਮੀਆਂ ਦਾ ਖਰਚਾ ਘਟਾਉਣ ਉਪਰੰਤ ਹੀ ਬਜਟ ਉਪਬੰਧ ਕੀਤਾ ਗਿਆ ਹੈ ਇਸ ਤੋਂ ਇਲਾਵਾ ਕਰਮਚਾਰੀਆਂ ਦੀ ਗ੍ਰੈਚੂਅਟੀ, ਐਕਸਗਰੇਸ਼ੀਆ, ਬਕਾਇਆ ਛੁੱਟੀਆਂ ਦੇ ਲਾਭ ਆਦਿ ਦਾ ਖਰਚਾ ਵੀ ਇਸ ਵਿਚ ਸ਼ਾਮਲ ਹੈ। ਅਮਲੇ ਖਰਚੇ ਦਾ ਵੇਰਵਾ ਅਨੁਲਗ-5 ਵਿਚ ਦਰਸਾਇਆ ਗਿਆ ਹੈ ।

## ਕੰਟੀਜੈਂਸੀ

ਸਾਲ 2012-13 ਵਿਚ ਇਸ ਮੱਦ ਹੇਠ 765.00 ਲੱਖ ਰੁਪਏ ਦਾ ਬਜ਼ਟ ਉਪਬੰਧ ਮੰਜ਼ੂਰ ਕੀਤਾ ਗਿਆ ਸੀ ਅਤੇ ਮਿਤੀ 1-4-12 ਤੋ 31-1-13 ਤੱਕ ਇਸ ਮੱਦ ਅਧੀਨ 789.28 ਲੱਖ ਰੁਪਏ ਖਰਚਾ ਹੋ ਚੁੱਕਾ ਹੈ ਅਤੇ ਖਰਚੇ ਦੀ ਪਿੱਛਲੀ ਰਫਤਾਰ ਨੂੰ ਵੇਖਦੇ ਹੋਏ 962.00 ਲੱਖ ਰੁਪਏ ਸੋਧੇ ਹੋਏ ਬਜਟ ਵਿੱਚ ਖਰਚ ਹੋਣ ਦੀ ਤਜਵੀਜ ਹੈ।ਸਾਲ 2013-14 ਵਿਚ ਇਸ ਮੱਦ ਅਧੀਨ 1105.00 ਲੱਖ ਰੁਪਏ ਖਰਚ ਹੋਣ ਦੀ ਆਸ ਹੈ। ਜਿਸ ਦਾ ਵੇਰਵਾ ਅਨੁਲਗ - 6 A ਵਿਚ ਦਰਸਾਇਆ ਗਿਆ ਹੈ।

ਚਲਦਾ ਸਫਾ....3

## ਵਿਕਾਸ ਦੇ ਖਰਚੇ ਦਾ ਵੇਰਵਾ

ਸਾਲ 2012-13 ਵਿਚ ਇਸ ਮੱਧ ਅਧੀਨ 5184.00 ਲੱਖ ਰੁਪਏ ਦਾ ਬਜਟ ਸਰਕਾਰ ਵੱਲੋਂ ਪ੍ਰਵਾਨ ਕੀਤਾ ਗਿਆ ਸੀ ਮਿਤੀ 1-4-12 ਤੋ 31-1-13 ਤੱਕ ਇਸ ਮੱਦ ਅਧੀਨ ਜਰਨਲ ਸਾਈਡ ਕੁੱਲ ਖਰਚਾ 1507.28 ਲੱਖ ਰੁਪਏ ਹੋ ਚੁੱਕਾ ਹੈ। ਜਿਸ ਵਿਚੋ ਮੁਹੱਲਾ ਸੁਧਾਰ ਕਮੇਟੀਆਂ ਨੂੰ 110.15 ਲੱਖ ਰੁ: ਦੀ ਗਰਾਂਟ ਅਤੇ ਸਟਰੀਟ ਲਾਈਟ ਦੇ ਬਿਜਲੀ ਦੇ ਬਿੱਲ 733.87 ਲੱਖ ਰੁਪਏ ਵੀ ਸ਼ਾਮਿਲ ਹਨ । ਇਸ ਤੋ ਇਲਾਵਾ ਜਨਰਲ ਸਾਈਡ ਵਲੋ 2775.38 ਲੱਖ ਰੁਪਏ ਦਾ ਕੰਟਰੀਬਿਊਸ਼ਨ ਮਿਤੀ 31-1-13 ਤੱਕ ਵਾਟਰ ਸਪਲਾਈ ਤੇ ਸੀਵਰੇਜ਼ ਵਿਭਾਗ ਨੂੰ ਦਿੱਤਾ ਜਾ ਚੁੱਕਾ ਹੈ । ਇੰਞ ਬਾਕੀ ਵਿਕਾਸ ਦੇ ਕੰਮਾਂ ਤੇ ਨਗਰ ਨਿਗਮ ਅੰਮ੍ਰਿਤਸਰ ਵਲੋਂ ਇਸ ਸਮੇਂ ਦੋਰਾਨ 663.26 ਲੱਖ ਰੁਪਏ ਖਰਚ ਕੀਤੇ ਜਾ ਚੁੱਕੇ ਹਨ । ਸੋਧੇ ਹੋਏ ਬਜਟ ਅਨੁਸਾਰ ਸਾਲ 2012-13 ਲਈ ਜਨਰਲ ਸਾਈਡ ਦੇ ਵਿਕਾਸ ਦੇ ਕੰਮਾਂ ਲਈ 1073.00 ਲੱਖ ਰੁ: ਬਿਜਲੀ ਦੇ ਬਿਲਾਂ ਦੀ ਅਦਾਇਗੀ ਘਟਾਉਣ ਉਪਰੰਤ ਖਰਚ ਹੋਣ ਦੀ ਆਸ ਹੈ ਸਾਲ 2013-14 ਲਈ ਵਿਕਾਸ ਦੇ ਕੰਮ ਲਈ 7325.00 ਲੱਖ ਰੁ: ਖਰਚ ਕਰਨ ਦਾ ਉਪਬੰਧ ਕੀਤਾ ਗਿਆ ਹੈ, ਜਿਸ ਵਿੱਚ 1000 ਲੱਖ ਰੁਪਏ ਸਟਰੀਟ ਲਾਈਟ ਅਤੇ ਦਫਤਰਾਂ ਆਦਿ ਦੇ ਬਿਜਲੀ ਦੇ ਬਿੱਲਾਂ ਦਾ ਖਰਚਾ ਵੀ ਸ਼ਾਮਲ ਕੀਤਾ ਗਿਆ ਹੈ । ਇਸ ਤੋਂ ਇਲਾਵਾ 5137.00 ਲੱਖ ਰੁਪਏ ਦਾ ਯੋਗਦਾਨ ਵਾਟਰ ਸਪਲਾਈ ਤੇ ਸੀਵਰੇਜ ਵਿਭਾਗ ਨੂੰ ਦਿੱਤਾ ਜਾਵੇਗਾ । ਜ਼ਿਲ੍ਹਾਂ ਯੋਜਨਾ ਅਤੇ ਵਿਕਾਸ ਬੋਰਡ/ਪੰਜਾਬ ਸਰਕਾਰ ਵੱਲੋਂ ਜੋ ਵੀ ਰਾਸ਼ੀ ਵਿਕਾਸ ਦੇ ਕੰਮਾ ਲਈ ਪ੍ਰਵਾਨ ਕੀਤੀ ਜਾਵੇਗੀ ਉਹ ਉਪਰੋਕਤ ਰਕਮ ਤੋ ਇਲਾਵਾ ਵੱਖਰੀ ਤੋਰ ਤੇ ਖਰਚ ਕੀਤੀ ਜਾਵੇਗੀ। ਇਸ ਸਬੰਧ ਵਿਚ ਵੇਰਵਾ ਅਨੁਲਗ-7A ਅਤੇ 7Bਵਿਚ ਦਰਸਾਇਆ ਗਿਆ ਹੈ ।

## ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ

### ਆਮਦਨ

ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੇ ਆਪਣੇ ਬਜਟ ਸਾਲ 2012-13 ਲਈ 2500.00 ਲੱਖ ਰੁਪਏ ਦੀ ਆਮਦਨ ਦੀ ਮੰਜੂਰੀ 500 ਲੱਖ ਰੁ: ਕਰਜੇ ਸਮੇਤ ਸਰਕਾਰ ਵੱਲੋਂ ਦਿੱਤੀ ਗਈ ਸੀ, ਇਸ ਵਿਭਾਗ ਨੂੰ ਮਿਤੀ 1-4-12 ਤੋ 31-1-13 ਤੱਕ 1152.19 ਲੱਖ ਰੁਪਏ ਆਮਦਨ ਪ੍ਰਾਪਤ ਹੋਈ ਹੈ ਅਤੇ ਸਾਲ 2012-13 ਦੋਰਾਨ 1458.00 ਲੱਖ ਰੁਪਏ ਹੋਣ ਦੀ ਆਸ ਹੈ । ਸਰਕਾਰ ਵਲੋ ਸਾਲ 2006-07 ਦੋਰਾਨ ਰਿਹਾਇਸ਼ੀ ਵਾਟਰ ਸਪਲਾਈ ਅਤੇ ਸੀਵਰੇਜ ਕੁਨੈਕਸ਼ਨ ਦੇ ਗਾਹਕਾਂ ਨੂੰ 5 ਮਰਲੇ ਜਮੀਨ ਤੱਕ ਪਾਣੀ ਅਤੇ ਸੀਵਰੇਜ ਦੇ ਬਿੱਲ ਬਕਾਏ ਸਹਿਤ ਮੁਆਫ ਕਰਨ ਦਾ ਫੈਸਲਾ ਲਿਆ ਗਿਆ ਸੀ। ਸਾਲ 2013-14 ਵਿਚ 2000.00 ਲੱਖ ਰੁਪਏ ਦੀ ਆਮਦਨ ਦਾ ਉਪਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ 5137.00 ਲੱਖ ਰੁਪਏ ਦਾ ਕੰਟਰੀਬਿਊਸ਼ਨ ਸਾਲ 2013-14 ਦੋਰਾਨ ਵਾਟਰ ਸਪਲਾਈ ਤੇ ਸੀਵਰੇਜ਼ ਵਿਭਾਗ ਵਲੋ ਨਗਰ ਨਿਗਮ, ਅੰਮ੍ਰਿਤਸਰ ਦੀ ਜਨਰਲ ਸਾਇਡ ਤੋ ਪ੍ਰਾਪਤ ਕਰਨ ਦਾ ਉਪਬੰਧ ਕੀਤਾ ਗਿਆ ਹੈ । ਇਸ ਦਾ ਵੇਰਵਾ ਅਨੁਲਗ 3 ਅਤੇ 12 ਤੇ ਦਰਸਾਇਆ ਗਿਆ ਹੈ ।

ਚਲਦਾ ਸਫਾ-4

## ਖਰਚਾ ਅਮਲਾ

ਇਸ ਵਿਭਾਗ ਦੇ ਅਮਲੇ ਦਾ ਖਰਚਾ ਸਾਲ 2012-13 ਲਈ 2308.00 ਲੱਖ ਰੁਪਏ ਸਰਕਾਰ ਵੱਲੋਂ ਮੰਜੂਰ ਕੀਤਾ ਗਿਆ ਸੀ ਮਿਤੀ 1-4-12 ਤੋ 31-1-13 ਤੱਕ ਇਸ ਮੱਦ ਅਧੀਨ 2010.13 ਲੱਖ ਰੁਪਏ ਖਰਚਾ ਹੋ ਚੁੱਕਾ ਹੈ ਜਦੋਂ ਕਿ ਇਸ ਮੱਦ ਅਧੀਨ 2606.00 ਲੱਖ ਰੁਪਏ ਖਰਚ ਹੋਣ ਦੀ ਆਸ ਹੈ। ਖਰਚ ਵਿਚ ਵਾਧਾ ਹੋਣ ਦਾ ਕਾਰਣ ਸੋਧੇ ਹੋਏ ਰੀਵਾਈਜ਼ਡ ਗ੍ਰੇਡਾਂ ਦਾ ਲਾਗੂ ਹੋਣਾ ਅਤੇ ਇਸ ਦਾ ਬਕਾਇਆ ਦੇਣ ਦਾ ਉਪਬੰਧ, ਡੀਏ ਦੀ ਕਿਸ਼ਤ ਅਤੇ 4-9-14 ਸਾਲਾ ਏ.ਸੀ.ਪੀ ਸਕੀਮ ਦਾ ਬਕਾਇਆ ਆਦਿ ਦੇਣਾ ਹੈ। ਇਸ ਤੋ ਇਲਾਵਾ ਡੀ.ਸੀ. ਰੇਟ ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਰੈਗੂਲਰ ਕਰਨ ਦੇ ਕਾਰਣ ਵਧਿਆ ਹੋਇਆ ਖਰਚਾ ਸ਼ਾਮਿਲ ਹੈ । ਸਾਲ 2013-14 ਲਈ ਇਸ ਮੱਦ ਹੇਠ 3522.00 ਲੱਖ ਰੁਪਏ ਖਰਚ ਹੋਣ ਦੀ ਤਜਵੀਜ ਹੈ ਅਤੇ ਅਮਲੇ ਦੇ ਖਰਚੇ ਵਿਚੋਂ ਖਾਲੀ ਅਸਾਮੀਆਂ ਦਾ ਖਰਚਾ ਘੱਟਾ ਕੇ ਬਜਟ ਬਣਾਇਆ ਗਿਆ ਹੈ। ਇਸ ਦਾ ਵੇਰਵਾ ਅਨੁਲਗ 3 ਅਤੇ 9 ਵਿਚ ਦਰਜ ਹੈ।

## ਅਚਨਚੇਤ ਖਰਚਾ

ਇਸ ਮੱਧ ਹੇਠ ਸਾਲ 2012-13 ਲਈ 10.00 ਲੱਖ ਰੁਪਏ ਖਰਚੇ ਦੀ ਮੰਜੂਰੀ ਸਰਕਾਰ ਵੱਲੋਂ ਮਿਲੀ ਸੀ, ਮਿਤੀ 1-4-12 ਤੋ 31-1-13 ਤੱਕ ਇਸ ਮੱਦ ਅਧੀਨ 4.02 ਲੱਖ ਰੁਪਏ ਖਰਚਾ ਹੋ ਚੁੱਕਾ ਹੈ। ਇਸ ਸਾਲ ਦੋਰਾਨ 8.00 ਲੱਖ ਰੁ: ਖਰਚ ਹੋਣ ਦੀ ਆਸ ਹੈ । ਸਾਲ 2013-14 ਲਈ 15.00 ਲੱਖ ਰੁਪਏ ਦਾ ਖਰਚਾ ਇਸ ਹੈਡ ਵਿਚ ਕਰਨ ਦਾ ਉਪਬੰਧ ਕੀਤਾ ਗਿਆ ਹੈ। ਇਸ ਦਾ ਵੇਰਵਾ ਅਨੁਲਗ 3 ਅਤੇ 12 ਵਿਚ ਦਰਜ ਹੈ ।

## ਵਿਕਾਸ ਦੇ ਕੰਮਾਂ ਤੇ ਖਰਚਾ

ਸਾਲ 2012-13 ਲਈ ਇਸ ਮੱਦ ਹੇਠ 2820.00 ਲੱਖ ਰੁਪਏ ਦਾ ਖਰਚਾ (1720.00 ਲੱਖ ਰੁ: ਟਿਊਬਵੈਲਾਂ ਦੇ ਬਿਜਲੀ ਦੇ ਬਿਲਾਂ ਦੀ ਅਦਾਇਗੀ ਸਮੇਤ) ਕਰਨ ਦੀ ਪ੍ਰਵਾਨਗੀ ਸਰਕਾਰ ਵੱਲੋਂ ਦਿੱਤੀ ਗਈ ਸੀ । ਮਿਤੀ 1-4-12 ਤੋ 31-1-13 ਤੱਕ ਇਸ ਮੱਦ ਅਧੀਨ 1912.00 ਲੱਖ ਰੁਪਏ ਖਰਚਾ ਹੋ ਚੁੱਕਾ ਹੈ ਅਤੇ ਇਹ ਖਰਚਾ 2350.00 ਲੱਖ ਰੁਪਏ ਸਾਲ 2012-13 ਵਿਚ ਹੋਣ ਦੀ ਆਸ ਹੈ । ਅਗਲੇ ਸਾਲ 2013-14 ਵਿਚ ਇਸ ਮੱਦ ਹੇਠ 3600.00 ਲੱਖ ਰੁਪਏ ਖਰਚੇ ਦਾ ਉਪਬੰਧ ਕੀਤਾ ਗਿਆ ਹੈ। ਇਸ ਵਿਚ JNNURM(ਜਵਾਹਰ ਲਾਲ ਨਹਿਰੂ ਨੈਸ਼ਨਲ ਅਰਬਨ ਰਿਨਿਊਅਲ ਮਿਸ਼ਨ)/JBIC(ਜਪਾਨ ਬੈਂਕਿੰਗ ਇੰਨਵੈਸਟਮੈਂਟ ਕਾਰਪੋਰੇਸ਼ਨ) ਪ੍ਰੋਜੈਕਟ ਅਧੀਨ ਨਗਰ ਨਿਗਮ ਦਾ ਦੇਣ ਯੋਗ ਹਿਸਾ 500-00 ਲੱਖ ਰੁਪਏ ਵੀ ਸ਼ਾਮਲ ਹਨ, ਜਿਸ ਦਾ ਵੇਰਵਾ ਅਨੁਲਗ 3, 11 ਅਤੇ 12 ਵਿਚ ਦਰਸਾਇਆ ਗਿਆ ਹੈ। ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ ਦੀ ਆਮਦਨ 2000.00 ਲੱਖ ਰੁਪਏ

ਚਲਦਾ ਸਫਾ -5

ਸਾਲ 2013-14 ਵਿੱਚ ਹੋਣ ਦੀ ਆਸ ਹੈ ਜਦੋ ਕਿ ਇਸ ਵਿਭਾਗ ਦਾ ਕੁੱਲ ਖਰਚਾ 7137.00 ਲੱਖ ਰੁਪਏ ਹੋਵੇਗਾ ਅਤੇ ਘਾਟਾ ਪੂਰਾ ਕਰਨ ਲਈ ਜਨਰਲ ਸਾਈਡ ਤੋਂ ਬਤੌਰ ਯੋਗਦਾਨ 5137.00 ਲੱਖ ਰੁਪਏ ਲੈਣ ਦੀ ਤਜਵੀਜ ਹੈ ਇਸ ਦਾ ਵੇਰਵਾ ਅਨੁਲਗ-12 ਵਿਚ ਦਰਸਾਇਆ ਗਿਆ ਹੈ। ਵਿਕਾਸ ਦੇ ਬਜਟ ਉਪਬੰਧ ਵਿਚ 400.00 ਲੱਖ ਰੁਪਏ ਵਾਟਰ ਸਪਲਾਈ ਅਤੇ ਸੀਵਰੇਜ ਦੇ ਕੰਮਾਂ ਦੇ ਰੱਖ ਰੱਖਾਵ ਲਈ ਰੱਖਿਆ ਗਿਆ ਹੈ। ਇਸ ਤੋਂ ਇਲਾਵਾ 1300.00 ਲੱਖ ਰੁਪਏ ਵਿਕਾਸ ਦੇ ਓਰੀਜਨਲ ਕੰਮ ਕਰਵਾਉਣ ਲਈ ਅਤੇ JNNURM/JBIC ਪ੍ਰੋਜੈਕਟਾਂ ਅਧੀਨ ਨਗਰ ਨਿਗਮ ਦਾ ਹਿੱਸਾ ਦੇਣ ਦਾ ਉਪਬੰਧ ਬਜਟ ਵਿੱਚ ਕੀਤਾ ਗਿਆ ਹੈ। ਨਗਰ ਨਿਗਮ ਅੰਮ੍ਰਿਤਸਰ ਵਲੋਂ ਨਗਰ ਸੁਧਾਰ ਟਰਸਟ ਅੰਮ੍ਰਿਤਸਰ ਪਾਸੋ ਲਏ ਹੋਏ ਕਰਜਿਆਂ ਦੇ ਮੂਲ ਅਤੇ ਵਿਆਜ ਦੀ ਵਾਪਸੀ ਦਾ ਕੋਈ ਬਜਟ ਉਪਬੰਧ ਨਹੀ ਕੀਤਾ ਗਿਆ ਹੈ ।

ਉਪਰੋਕਤ ਅਨੁਸਾਰ ਜੇਕਰ ਆਪ ਜੀ ਸਹਿਮਤ ਹੋਵੋ ਤਾਂ ਰੀਵਾਈਜਡ ਬਜਟ ਸਾਲ 2012-13 ਅਤੇ ਅਨੁਮਾਨ ਬਜਟ ਸਾਲ 2013-14 ਦੀ ਤਜਵੀਜ ਨਗਰ ਨਿਗਮ ਹਾਉਸ ਵਿਚ ਰੱਖਣ ਲਈ ਕੇਸ ਫਾਈਲ ਕਮਿਸ਼ਨਰ ਸਾਹਿਬ/ ਮੇਅਰ ਸਾਹਿਬ ਜੀ ਨੂੰ ਭੇਜੀ ਜਾਵੇ ਤਾਂ ਜੋ ਹਾਉਸ ਦੇ ਫੈਸਲੇ ਉਪਰੰਤ ਨਗਰ ਨਿਗਮ ਦਾ ਸਾਲ 2012-13 ਦਾ ਸੋਧਿਆ ਹੋਇਆ ਬਜਟ ਅਤੇ ਸਾਲ 2013-14 ਦਾ ਅਨੁਮਾਨਤ ਬਜਟ ਮਿਉਸਪਲ ਕਾਰਪੋਰੇਸ਼ਨ ਐਕਟ 1976 ਦੀ ਕ੍ਰਮਵਾਰ ਧਾਰਾ 87(1) ਅਤੇ 86(2) ਅਧੀਨ ਸਥਾਨਕ ਸਰਕਾਰ ਨੂੰ ਪ੍ਰਵਾਨਗੀ ਹਿਤ ਭੇਜਿਆ ਜਾ ਸਕੇ ਜੀ ।

ਵਧੀਕ ਕਮਿਸ਼ਨਰ (ਟੀ)

ਡਿਪਟੀ ਕੰਟਰੋਲਰ ਵਿੱਤ ਅਤੇ ਲੇਖਾ,
ਨਗਰ ਨਿਗਮ, ਅੰਮ੍ਰਿਤਸਰ ।